بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.06.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਜੂਨ ਸਨ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਅਲੱਾਹ ਤਆਲਾ ਦੀਆਂ ਨੇਮਤਾਂ ਨੂੰ ਯਾਦ ਕਰਨਾ ਅਤੇ ਉਹਨਾਂ ਨੂੰ ਵਰਨਣ ਕਰਨਾ ਪਹਿਲਾਂ ਤੋਂ ਵੀ ਵੱਧ ਕੇ ਜ਼ਰੂਰੀ ਹੈ ਅਤੇ ਇਹੋ ਚੀਜ ਫਿਰ ਮੋਮਿਨਾਂ ਦੇ ਦਿਲਾ ਵਿੱਚ ਰੱਬ ਦਾ ਪ੍ਰੇਮ ਪੈਦਾ ਕਰਦੀ ਹੈ । ਉਸ ਦੀ ਆਗਿਆਕਾਰੀ ਅਤੇ ਫ਼ਰਮਾਬਰਦਾਰੀ ਦਾ ਇਕ ਜੋਸ਼ ਪੈਦਾ ਹੁੰਦਾ ਹੈ ਤਾਂ ਜੋ ਇਸ ਪ੍ਰਕਾਰ ਰੱਬ ਦੀ ਮਿਹਰ ਅਤੇ ਪੁਰੁਸਕਾਰ ਹੋਰ ਵਧਣ । ਸੋ, ਜਰਮਨੀ ਦੇ ਜਲਸੇ ਅਤੇ ਹੋਰਨਾ ਪ੍ਰੋਗਰਾਮਾ ਵਿੱਚ ਰੱਬ ਦੀਆਂ ਮਿਹਰਾਂ ਹੋਈਆਂ । ਇਹਨਾਂ ਮਿਹਰਾਂ ਦੀ ਸ਼ੁਕਰਗੁਜ਼ਾਰੀ ਕਰਦਿਆਂ ਹੋਇਆਂ ਰੱਬ ਦੀ ਹਜ਼ੂਰੀ ਵਿੱਚ ਹੋਰ ਲਿਫ਼ਣਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਮਿਹਰਾਂ ਵਧੱਦੀਆਂ ਜਾਣ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਹਰ ਸਮੇਂ ਹਰ ਲੋੜ ਵਿੱਚ ਦੁਆ ਦਾ ਤਾਲਬ ਰਹੇ ਅਤੇ ਦੂਜਾ (اَمَّا بِنِعۡمَتِ رَبِّکَ فَحَدِّثۡ) ਅਮੱਾ ਬਿ ਨੇਅਮਤੇ ਰੱਬੇਕਾ ਫ਼ ਹੱਦਿਸ 0 ਉਪੱਰ ਅਮਲ ਕਰੇ । ਫ਼ਰਮਾਇਆ ਰੱਬ ਦੀਆਂ ਪ੍ਰਦਾਨ ਕੀਤੀਆਂ ਨੇਮਤਾਂ ਦਾ ਨਵੀਨੀਕਰਣ ਕਰਨਾ ਚਾਹੀਦਾ ਹੈ । ਇਸ ਤੋਂ ਰੱਬ ਦਾ ਪ੍ਰੇਮ ਵਧੱਦਾ ਹੈ ਅਤੇ ਉਸ ਦੀ ਆਗਿਆਕਾਰੀ ਲਈ ਜੋਸ਼ ਪੈਦਾ ਹੁੰਦਾ ਹੈ । ਰੱਬ ਦੀਆਂ ਮਿਹਰਾਂ ਦੇ ਨਜ਼ਾਰੇ ਤਾਂ ਅਸੀਂ ਪ੍ਰਤੀ ਦਿਨ ਦੇਖਦੇ ਹਾਂ ਪਰ ਜੱਦ ਮੈਂ ਸਫ਼ਰ'ਤੇ ਜਾਂਦਾ ਹਾਂ ਤਾਂ ਰੱਬ ਦੀਆਂ ਮਿਹਰਾਂ ਕਈ ਗੁਣਾ ਵਧੱਕੇ ਹੁੰਦੀਆਂ ਹਨ । ਰੱਬ ਆਪਣੀ ਮਿਹਰ ਨਾਲ ਪ੍ਰੋਗਰਾਮਾ ਵਿੱਚ ਬਰਕਤ ਪਾਉਂਦਾ ਹੈ ਅਤੇ ਪ੍ਰਰਾਰ ਤੇ ਇਸਲਾਮ ਦਾ ਵਾਸਤਵਿਕ ਸੰਦੇਸ਼ ਵੀ ਬਹੁਤ ਲੋਕਾਂ ਤੱਕ ਪਹੁੰਚਦਾ ਹੈ ਅਤੇ ਫਿਰ ਲੋਕਾਂ'ਤੇ ਇਸ ਦਾ ਪ੍ਰਭਾਵ ਵੀ ਹੁੰਦਾ ਹੈ । ਬੀਤੇ ਦਿਨੀ ਜੱਦ ਮੈਂ ਜਰਮਨੀ ਗਿਆ ਹਾਂ ਤਾਂ ਅਸਲ ਉਦੇਸ਼ ਤਾਂ ਜਰਮਨੀ ਦੇ ਜਲਸੇ ਵਿੱਚ ਭਾਗ ਲੈਣਾ ਸੀ ਪਰ ਇਸ ਦੇ ਨਾਲ ਹੀ ਰੱਬ ਅਜਿਹੇ ਪ੍ਰੋਗਰਾਮ ਵੀ ਕਰਵਾ ਦਿੰਦਾ ਹੈ ਜੋ ਇਸਲਾਮ ਦੀ ਵਾਸਤਵਿਕ ਜਾਣ ਪਛਾਣ ਅਤੇ ਸਿੱਖਿਆ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਸਾਧਨ ਬਣ ਜਾਂਦਾ ਹੈ । ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮਨੁੱਖ ਨੂੰ ਹਰ ਹਾਲਤ ਵਿੱਚ ਦੁਆ ਦਾ ਤਾਲਬ ਰਹਿਣਾ ਚਾਹੀਦਾ ਹੈ । ਨਿਸ਼ਚੇ ਹੀ ਇਸ ਤੋਂ ਬਿਨਾ ਤਾਂ ਇਕ ਕਦਮ ਵੀ ਚੁਕਣਾ ਸਾਡੇ ਲਈ ਔਖਾ ਹੈ । ਰੱਬ ਤੋਂ ਖ਼ਾਲਸ ਹੋਕੇ ਦੁਆ ਮੰਗਣੀ ਚਾਹੀਦੀ ਹੈ ਰੱਬ ਇਸ ਦੀ ਤੌਫ਼ੀਕ ਵੀ ਦਿੰਦਾ ਰਹਿੰਦਾ ਹੈ ਅਤੇ ਫਿਰ ਫਰਮਾਇਆ ਦੁਆ ਦੇ ਨਾਲ ਜੱਦ ਰੱਬ ਦੀ ਮਿਹਰ ਵੀ ਹੋਵੇ ਜਾਂ ਰੱਬ ਆਪ ਹੀ ਆਪਣੇ ਗੁਣਾ ਦੇ ਜਲਵੇ ਦਿਖਾਉਂਦਿਆਂ ਹੋਇਆਂ ਆਪਣੀਆਂ ਮਿਹਰਾਂ ਨੂੰ ਕਈ ਗੁਣਾ ਵਧਾ ਕੇ ਪ੍ਰਦਾਨ ਕਰ ਰਿਹਾ ਹੁੰਦਾ ਹੈ ਜਿੰਨ੍ਹੀ ਸਾਡੀ ਦੁਆ ਅਤੇ ਜਤਨ ਹੈ ਤਾਂ ਫਿਰ ਰੱਬ ਦੀਆਂ ਨੇਮਤਾਂ ਨੂੰ ਚੇਤੇ ਕਰਨਾ ਅਤੇ ਉਹਨਾਂ ਦੀ ਚਰਚਾ ਕਰਨੀ ਪਹਿਲਾਂ ਤੋਂ ਵੱਧ ਕੇ ਜ਼ਰੂਰੀ ਹੈ । ਇਹੋ ਚੀਜ ਫਿਰ ਮੋਮਿਨਾਂ ਦੇ ਦਿਲਾਂ ਵਿੱਚ ਰੱਬ ਦਾ ਪ੍ਰੇਮ ਪੈਦਾ ਕਰਦਾ ਹੈ ਉਸ ਦੀ ਆਗਿਆਕਾਰੀ ਤੇ ਫ਼ਰਮਾਂਬਰਦਾਰੀ ਦਾ ਜੋਸ਼ ਪੈਦਾ

ਹੁੰਦਾ ਹੈ ਤਾਂ ਇਸ ਪ੍ਰਕਾਰ ਰੱਬ ਦੇ ਪੁਰੁਸਕਾਰ ਤੇ ਮਿਹਰਾਂ ਹੋਰ ਵਧਣ । ਸੋ, ਜਰਮਨੀ ਦੇ ਜਲਸੇ ਅਤੇ ਹੋਰਨਾ ਪ੍ਰੋਗਰਾਮਾ ਵਿੱਚ ਰੱਬ ਦੀਆਂ ਮਿਹਰਾਂ ਹੋਈਆਂ ਅਤੇ ਜਿਵੇਂ ਇਸਲਾਮ ਅਹਮਦੀਅਤ ਦਾ ਸੰਦੇਸ਼ ਇਹਨਾਂ ਦਿਨਾਂ ਵਿੱਚ ਵੱਡੇ ਪਧੱਰ'ਤੇ ਦੇਸ਼ ਦੇ ਵਿਸ਼ਾਲ ਖੇਤਰ ਵਿੱਚ ਫੈਲਿਆ ਜਾਂ ਉਸ ਤੱਕ ਪਹੁੰਚਿਆ ਹੈ । ਇਹ ਸਾਡਾ ਧਿਆਨ ਇਸ ਪਾਸੇ ਖਿਚੱਦਾ ਹੈ ਕਿ ਰੱਬ ਦੀਆਂ ਨੇਮਤਾਂ ਦੀ ਚਰਚਾ ਕੀਤੀ ਜਾਵੇ ਅਤੇ ਵਿਸੇਸ਼ ਤੌਰ'ਤੇ ਜਰਮਨੀ ਜਮਾਤ ਨੂੰ ਬਹੁਤ ਧੰਨਵਾਦੀ ਹੋਣਾ ਚਾਹੀਦਾ ਹੈ ਅਤੇ ਇਸ ਰਾਹੀਂ ਉਹਨਾਂ ਮਿਹਰਾਂ ਦੀ ਸ਼ੁਕਰ ਗੁਜ਼ਾਰੀ ਕਰਦਿਆਂ ਹੋਇਆਂ ਰੱਬ ਦੀ ਹਜ਼ੂਰੀ ਵਿੱਚ ਹੋਰ ਵੀ ਝੁਕਣਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਮਿਹਰਾਂ ਵਧੱਦੀਆਂ ਜਾਣ ।

ਦਿਲਾਂ ਤੱਕ ਪਹੁੰਚਣਾ ਤਾਂ ਰੱਬ ਦੀਆਂ ਮਿਹਰਾਂ ਤੋਂ ਬਿਨਾ ਸੰਭਵ ਨਹੀਂ । ਕੋਈ ਮਨੁੱਖ ਕਿਸੇ ਦੇ ਦਿਲ ਤੱਕ ਨਹੀਂ ਪਹੁੰਚ ਸਕਦਾ ਜੇਕਰ ਰੱਬ ਦੀ ਮਰਜ਼ੀ ਨ ਹੋਵੇ । ਮਨੁੱਖ ਭਾਵੇਂ ਲਖੱਾਂ ਹੀ ਜਤਨ ਕਰੇ ਜੇਕਰ ਰੱਬ ਦੀ ਮਰਜ਼ੀ ਨ ਹੋਵੇ ਤਾਂ ਕੋਈ ਸੰਦੇਸ਼ ਪ੍ਰਭਾਵ ਨਹੀਂ ਕਰਦਾ । ਕਈ ਵਾਰ ਜੁਸ਼ੀਲੇ ਵਕਤਾਵਾਂ ਦੇ ਭਾਸ਼ਣ ਵੀ ਅਸਰ ਨਹੀਂ ਕਰਦੇ ਪਰ ਇਕ ਸਿੱਧੇ ਤੇ ਸਧਾਰਣ ਰੂਪ ਵਿੱਚ ਕਹੀ ਹੋਈ ਗੱਲ ਅਸਰ ਕਰ ਜਾਂਦੀ ਹੈ । ਸੋ, ਅਜਿਹੇ ਦ੍ਰਿਸ਼ ਸਾਨੂੰ ਇਸ ਜਲਸੇ ਵਿੱਚ ਦਿਖਾਈ ਦਿੱਤੇ । ਓਥੇ ਜੋ ਗ਼ੈਰ ਮਹਿਮਾਨ ਆਏ ਹੋਏ ਸਨ ਉਹਨਾਂ ਦੇ ਵਿਚਾਰਾਂ ਵਿੱਚ ਇਸਦਾ ਪ੍ਰਗਟਾਵਾ ਹੋਇਆ । ਉਹਨਾਂ ਦਾ ਸੰਖੇਪ ਜਿਹਾ ਵਰਨਣ ਮੈਂ ਆਪ ਲੋਕਾਂ ਸਾਹਮਣੇ ਕਰਾਂਗਾ । ਜਰਮਨੀ ਵਿੱਚ ਰੱਬ ਦੀ ਮਿਹਰ ਨਾਲ ਗਵਾਂਢੀ ਦੇਸ਼ ਪੂਰਬੀ ਯੂਰੋਪ ਵਿੱਚੋਂ ਬਹੁਤ ਲੋਕ ਜਲਸੇ ਵਿੱਚ ਭਾਗ ਲੈਣ ਲਈ ਆਏ ਸਨ । ਬਹੁਤੇ ਗ਼ੈਰ ਅਜ਼ ਜਮਾਤ ਤੇ ਗ਼ੈਰ ਮੁਸਲਿਮ ਹੁੰਦੇ ਹਨ ਜੋ ਅਹਮਦੀਆਂ ਦੇ ਸੰਬੰਧਾਂ ਕਰਕੇ ਵਾਸਤਵਿਕਤਾ ਜਾਨਣ ਲਈ ਆ ਜਾਂਦੇ ਹਨ ਅਤੇ ਫਿਰ ਸਮੇਂ ਦੇ ਇਮਾਮ ਦੇ ਗ਼ੁਲਾਮਾਂ ਦਾ ਉਹਨਾਂ'ਤੇ ਅਜਿਹਾ ਪ੍ਰਭਾਵ ਹੁੰਦਾ ਹੈ ਕਿ ਇਸ ਵਿੱਚ ਸ਼ਾਮਲ ਹੋ ਜਾਂਦੇ ਹਨ ਬੈਅਤ ਕਰ ਲੈਂਦੇ ਹਨ । ਇਹਨਾਂ ਸਾਰਿਆਂ ਨਾਲ ਮੁਲਾਕਾਤਾਂ ਵੀ ਹੋਈਆਂ ਪ੍ਰਸ਼ਨ ਉਤੱਰ ਵੀ ਹੋਏ । ਕੁਝ ਇਕ ਦੇ ਵਿਚਾਰ ਪੇਸ਼ ਕਰਦਾ ਹਾਂ ।

ਅਲਬਾਨੀਆਂ ਤੋਂ 16 ਲੋਕ ਆਏ ਸਨ । ਦੋ ਨੇ ਜਲਸੇ ਦੀ ਕਾਰਵਾਈ ਦੇਖ ਕੇ ਬੈਅਤ ਕਰ ਲਈ । ਇਕ ਮਿਤੱਰ ਇਰਵਿਨ ਜੀਪਾ (Ervin Xhepa) ਸਾਹਬ ਆਪਣੀ ਪਤਨੀ ਨਾਲ ਸ਼ਾਮਲ ਹੋਏ ਸਨ । ਇਹ ਦੋਵੇਂ ਕਾਨੂਨ ਵਿਭਾਗ ਨਾਲ ਸੰਬੰਧਤ ਹਨ । ਇਹ ਆਪ ਤਾਂ ਅਹਮਦੀ ਹਨ ਪਰ ਇਹਨਾ ਦੀ ਪਤਨੀ ਨੇ ਜਲਸੇ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਬੈਅਤ ਨਹੀਂ ਕੀਤੀ ਸੀ ਪਰ ਰੱਬ ਦੀ ਅਪਾਰ ਕ੍ਰਿਪਾ ਨਾਲ ਜਲਸੇ ਵਿੱਚ ਸ਼ਮਾਲ ਹੋਣ ਤੋਂ ਬਾਦ ਮੁਲਾਕਾਤ ਕਰਕੇ ਉਹਨਾਂ ਨੇ ਵੀ ਬੈਅਤ ਕਰ ਲਈ ਅਤੇ ਕਹਿਣ ਲੱਗੀ ਕਿ ਜਲਸੇ ਦੇ ਤਜਰਬੇ ਅਤਿ ਗੈਰਮਮੂਲੀ ਸਨ ਜਿਸ ਤੋਂ ਉਹਨਾਂ ਨੇ ਪ੍ਰੇਮ ਈਮਾਨਦਾਰੀ ਤੇ ਨਿਸ਼ਕਾਮ ਸੇਵਾ ਦਾ ਦ੍ਰਿਸ਼ ਉਹਨਾਂ ਨੇ ਦੇਖਿਆ ।

ਇਸੇ ਪ੍ਰਕਾਰ ਇਕ ਮਿਤੱਰ ਇਬ੍ਰਾਹੀਮ ਤੁਰਸ਼ਿਲਾ (Ibrahim Turshilla) ਸਾਹਬ ਮੁਲਾਕਾਤ ਸਮੇਂ ਉਹਨਾਂ ਨੇ ਘੋਸ਼ਣਾ ਕੀਤੀ ਕਿ ਮੈਂ ਅਹਮਦੀ ਹੁੰਦਾ ਹਾਂ ਬੈਅਤ ਕਰਕੇ ਸ਼ਾਮਲ ਹੋ ਗਏ । ਕਹਿੰਦੇ ਹਨ ਕਿ ਮੈਂ ਬਹੁਤ ਦੇਰ ਕੀਤੀ ਹੈ ਇਹ ਨਿਰਣਾ ਕਰਨ ਵਿੱਚ ਪਰ ਫਿਰ ਵੀ ਅੱਜ ਪੂਰੇ ਵਿਸ਼ਵਾਸ ਨਾਲ ਸ਼ਾਮਲ ਹੁੰਦਾ ਹਾਂ ਅਤੇ ਮੇਰਾ ਇਹ ਫ਼ੈਸਲਾ ਬਹੁਤ ਉਚਿਤ ਹੈ ।

ਕੋਸੋਵੋ ਤੋਂ ਆਉਣ ਵਾਲੇ ਇਕ ਸਾਹਬ ਹਨ ਐਗਰੋਨ (Agron) ਕਹਿੰਦੇ ਹਨ ਮੈਂ ਪਿਛਲੇ ਸਾਲ ਵੀ ਆਇਆ ਸੀ ਪਰ ਪਿਛਲੇ ਸਾਲ ਦੇ ਮੁਕਾਬਲੇ ਵਿੱਚ ਜਲਸੇ ਦੇ ਪ੍ਰਬੰਧਾਂ ਵਿੱਚ ਬਹੁਤ ਵਾਧਾ ਤੇ ਪ੍ਰਤਖ ਪਰਿਵਰਤਨ ਅਨੁਭਵ ਕੀਤਾ ਹੈ ।

ਮੈਸੀਡੋਨੀਆ ਤੋਂ ਆਉਣ ਵਾਲੇ ਇਕ ਮਹਿਮਾਨ ਨੇ ਕਿਹਾ ਕਿ ਜਲਸੇ ਵਿੱਚ ਸ਼ਾਮਲ ਹੋਕੇ ਉਸ ਦੀਆਂ ਯਾਦਾਂ ਨਾਲ ਵਾਪਸ ਜਾ ਰਿਹਾ ਹਾਂ ਜਲਸੇ ਦੇ ਪ੍ਰਬੰਧਾਂ ਦਾ ਕੰਮ ਅਜਿਹਾ ਹੈ ਕਿ ਕੋਈ ਵੀ ਵਿਭਾਗ ਅਤਿ ਮੁਸਕਲ ਨਾਲ ਪੂਰਾ ਕਰ ਸਕਦਾ ਹੈ ਸਗੋਂ ਮੈਂ ਕਹਾਂਗਾ ਕਿ ਇਕ ਵੱਡਾ ਦੇਸ਼ ਵੀ ਇਸ ਮਿਆਰ ਦਾ ਪ੍ਰੋਗਰਾਮ ਆਯੋਜਤ ਨਹੀਂ ਕਰ ਸਕਦਾ । ਫਿਰ ਮੈਸੀਡੋਨੀਆ ਦੇ ਇਕ ਵਿਅਕਤੀ ਕਹਿੰਦੇ ਹਨ ਕਿ ਮੈਂ ਜੀਵਨ ਵਿੱਚ ਪਹਿਲੀ ਵਾਰ ਐਨ੍ਹੇ ਚੰਗੇ ਲੋਕਾਂ ਨਾਲ ਮਿਲਿਆ ਹਾਂ । ਮੈਂਨੂੰ ਸਭ ਤੋਂ ਵੱਧ ਪ੍ਰਭਾਵਤ ਇਸਲਾਮ ਦੇ ਸੰਦੇਸ਼ ਨੇ ਕੀਤਾ ਹੈ ਜੋ ਮੈਂਨੂੰ ਹੁਣ ਏਥੋਂ ਮਿਲਿਆ ਹੈ । ਫਿਰ ਮੈਸੀਡੋਨੀਆ ਤੋਂ ਆਉਣ ਵਾਲੇ ਇਕ ਮਿਤੱਰ ਕਹਿੰਦੇ

ਹਨ ਕਿ ਜਲਸੇ ਵਿੱਚ ਪਹਿਲੀ ਵਾਰ ਸ਼ਾਮਲ ਹੋਇਆ ਹਾਂ ਅਤੇ ਮੇਰੇ ਲਈ ਸਭ ਕੁਝ ਨਵਾਂ ਸੀ ਮੈਂ ਨਹੀਂ ਜਾਣਦਾ ਸੀ ਕਿ ਇਸਲਾਮ ਵਿੱਚ ਅਜਿਹੀ ਜਮਾਤ ਵੀ ਮੌਜੂਦ ਹੈ ।

ਮੈਸੀਡੋਨੀਆ ਦੇ ਜੱਥੇ ਵਿੱਚ ਇਕ ਮਹਿਮਾਨ ਸਨ ਡਰੈਗਨ (Dragan) ਕਹਿੰਦੇ ਹਨ ਮੇਰੀ ਮੁਸਲਮਾਨਾਂ ਨਾਲ ਪਹਿਲੀ ਵਾਰ ਇਸ ਪ੍ਰਕਾਰ ਦੀ ਜਾਣ ਪਛਾਣ ਹੋਈ ਹੈ ਅਤੇ ਅਜਿਹੇ ਭਾਸ਼ਣ ਸੁਣੇ ਹਨ ਜੋ ਇਸਲਾਮੀ ਸਿੱਖਿਆ ਬਾਰੇ ਸਨ । ਇੱਥੇ ਮੁਸਲਮਾਨਾ ਨੇ ਸਾਡਾ ਜੀ ਆਇਆਂ ਨੂੰ ਅਜਿਹਾ ਕੀਤਾ ਜਿਵੇਂ ਉਹ ਸਾਨੂੰ ਹਮੇਸ਼ਾ ਤੋਂ ਜਾਣਦੇ ਹੋਣ । ਬੋਸਨੀਆ ਦੇ ਇਕ ਸਾਹਬ ਕਹਿੰਦੇ ਹਨ ਪਹਿਲਾਂ ਜਮਾਤ ਨਾਲ ਉਹਨਾਂ ਦਾ ਐਨ੍ਹਾ ਮਜ਼ਬੂਤ ਸੰਬੰਧ ਨਹੀਂ ਸੀ ਪਰ ਇਮਾਮ ਜਮਾਤ ਅਹਮਦੀਆ ਨਾਲ ਮੁਲਾਕਾਤ ਦੇ ਬਾਦ ਉਹਨਾਂ ਵਿੱਚ ਇਕ ਗ਼ੈਰ ਮਮੂਲੀ ਤਬਦੀਲੀ ਆਈ ਹੈ ਅਤੇ ਜਮਾਤ ਤੇ ਵਿਸ਼ੇਸ਼ ਕਰਕੇ ਖ਼ਲੀਫ਼ਾਤੁਲ ਮਸੀਹ ਲਈ ਉਹਨਾਂ ਦੇ ਦਿਲ ਵਿੱਚ ਬਹੁਤ ਅਧਿਕ ਸਨਮਾਨ ਪੈਦਾ ਹੋ ਗਿਆ ਹੈ ।

ਫਿਰ ਕਰੋਸ਼ੀਅਨ ਜੱਥਾ ਸੀ ਇਸ ਦੇ ਇਕ ਮੈਂਬਰ ਜਾਸੀਪਾ (Josipa) ਨੇ ਕਿਹਾ ਕਿ ਜਲਸਾ ਸਾਲਾਨਾ ਵਿੱਚ ਆਉਣ ਤੋਂ ਪਹਿਲਾਂ ਮੈਂ ਜਮਾਤ ਦੇ ਵਰਤਮਾਨ ਸਰਬਰਾਹ ਦੀ ਕਿਤਾਬ World crisis and pathway to peace ਦਾ ਅਧਿਐਨ ਕੀਤਾ ਇਸ ਪ੍ਰਕਾਰ ਸਾਲ 2014-15 ਵਿੱਚ ਅਮਨ ਬਾਰੇ ਸਿਮਪੋਜ਼ਮ ਵਿੱਚ ਖ਼ਲੀਫ਼ਾ ਤੁਲ ਮਸੀਹ ਦੇ ਦੋਵੇਂ ਭਾਸ਼ਣਾ ਦਾ ਅਧਿਐਨ ਕੀਤਾ। ਮੇਰੀ ਸੋਚ ਵਿੱਚ ਇਹ ਪ੍ਰਭਾਵ ਸੀ ਕਿ ਜਮਾਤ ਦੇ ਆਗੂ ਕਈ ਮਾਮਲਿਆਂ ਵਿੱਚ ਸਖ਼ਤ ...... ਹੁੰਦੇ ਹਨ ਅਤੇ ਕਰੜੇ ਸੁਭਾਵ ਦੇ ਹੋਣਗੇ ਪਰ ਇਹ ਪ੍ਰਭਾਵ ਮੁਲਾਕਾਤ ਦੇ ਬਾਦ ਖ਼ਤਮ ਹੋ ਗਿਆ ਅਤੇ ਉਸ ਦੇ ਬਾਦ ਉਹਨਾਂ ਨੇ ਹੋਰ ਵਧੇਰੀ ਖੋਜ ਜਮਾਤ ਬਾਰੇ ਕਰਨੀ ਸ਼ੁਰੂ ਕੀਤੀ ।

ਹੰਗਰੀ ਦੇ ਇਕ ਮਿਤੱਰ ਮੇਜ਼ਈ (Mezei) ਸਾਹਬ ਜਲਸੇ ਵਿੱਚ ਸ਼ਾਮਲ ਹੋਏ । ਪੁਲਿਸ ਵਿਭਾਗ ਵਿੱਚ ਭਿੰਨ ਭਿੰਨ ਅਹੁਦਿਆਂ ਤੇ ਕੰਮ ਕਰਦੇ ਰਹੇ ਹਨ । ਧਾਰਮਕ ਤੌਰ'ਤੇ ਇਹ ਈਸਾਈ ਹਨ । ਉਹ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ ਕਿ ਛੋਟਾ ਵੱਡਾ ਹਰ ਕੋਈ ਇਕ ਦੂਜੇ ਨੂੰ ਸਲਾਮ ਕਹਿ ਰਿਹਾ ਸੀ, ਪਿਆਰ ਨਾਲ ਮਿਲ ਰਿਹਾ ਸੀ । ਮੈਂਨੂੰ ਉਹਨਾਂ ਲੋਕਾਂ ਦੀ ਭਾਸ਼ਾ ਤਾਂ ਸਮਝ ਨ ਆਈ ਪਰ ਉਹਨਾਂ ਦੇ ਚਿਹਰਿਆਂ ਦੇ ਭਾਵ ਤੋਂ ਲੱਗ ਰਿਹਾ ਸੀ ਕਿ ਇਹ ਲੋਕ ਪਿਆਰ ਵੰਡ ਰਹੇ ਹਨ । ਮੈਂ ਦੁਨੀਆ ਦੇਖੀ ਹੈ ਅਤੇ ਪੂਰਬ ਤੋਂ ਪਛੱਮ ਤੱਕ ਇਸ ਪ੍ਰਕਾਰ ਦਾ ਦ੍ਰਿਸ਼ ਨਿਹੀਂ ਦੱਖਿਆ । ਫਿਰ ਹੰਗਰੀ ਦੇ ਹੀ ਇਕ ਗਾਬੋਰ ਪੀਟਰ (Gabor Peter) ਸਾਹਬ ਕਹਿੰਦੇ ਹਨ ਇਹ ਧਰਮ ਤੋਂ ਯਹੂਦੀ ਹਨ ਕਹਿੰਦੇ ਹਨ ਕਿ ਜਲਸੇ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕਈ ਵਾਰ ਨਿਗੁਣੀ ਬਹਿਸ ਵੀ ਕਰਦੇ ਪਰ ਜੱਦ ਓਹਨਾਂ ਦੀ ਮੁਲਾਕਾਤ ਮੇਰੇ ਨਾਲ ਹੋਈ । ਹੁਣ ਉਹਨਾਂ ਨੇ ਕਿਹਾ ਕਿ ਕੋਈ ਲੋੜ ਹੋਵੇ ਜਮਾਤ ਨੂੰ ਹੰਗਰੀ ਵਿੱਚ ਕਿਸੇ ਵੀ ਮਾਮਲੇ ਵਿੱਚ ਉਹ ਸਹਾਇਤਾ ਕਰਨ ਗੇ । ਸੋ, ਇਹ ਪਰਿਵਰਤਨ ਹਨ ਜੋ ਰੱਬ ਪੈਦਾ ਕਰਦਾ ਹੈ।

ਫਿਰ ਜਰਮਨੀ ਦੇ ਇਕ ਮਿਤੱਰ ਹਨ ਸੁਲੈਮਾਨ ਸਾਹਬ, ਇਹਨਾਂ ਦਾ ਸੰਬੰਧ ਸੈਂਟਰ ਰਿਪਬਲਿਕ ਆਫ਼ ਅਫ਼ਰੀਕਾ ਨਾਲ ਹੈ। ਕਹਿੰਦੇ ਹਨ ਕਿ ਮੈਨੂੰ ਜਲਸੇ ਦਾ ਨਿਮੰਤਰਣ ਮਿਲਿਆ ਤਾਂ ਮੇਰਾ ਵਿਚਾਰ ਸੀ ਕਿ ਪੰਜਾਹ ਜਾਂ ਸੌ ਲੋਕਾਂ ਦੀ ਪ੍ਰਚਾਰਕ ਬੈਠਕ ਹੋਵੇਗੀ ਜਿਸ ਵਿੱਚ ਥੋੜੀ ਬਹੁਤ ਗੱਲਾਂ ਹੋਣਗੀਆਂ ਅਤੇ ਖਾਣਾ ਪੀਣਾ ਹੋਵੇਗਾ । ਅਤੇ ਫਿਰ ਲੋਕ ਆਪਣੇ ਆਪਣੇ ਘਰਾਂ ਨੂੰ ਚਲੇ ਜਾਣਗੇ ਪਰ ਇੱਥੇ ਆਣ ਕੇ ਮੇਰਾ ਦ੍ਰਿਸ਼ਟੀਕੋਣ ਹੀ ਸਿਰੇ ਤੋਂ ਬਦਲ ਗਿਆ । ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕਤੱਰ ਸਨ । ਮੈਂ ਤਾਂ ਜਲਸੇ ਦੇ ਇਸ ਮਾਰੂਥਲੀ ਦ੍ਰਿਸ਼ ਵਿੱਚੋਂ ਬਾਹਰ ਹੀ ਨਹੀਂ ਨਿਕਲ ਸਕਿਆ । ਇੱਥੋਂ ਦੀ ਹਰ ਇਕ ਚੀਜ ਆਨੰਦਮਈ ਹੈ ਅਤੇ ਆਪਦਾ ਪ੍ਰਚਾਰ ਕਰਨ ਦਾ ਢੰਗ ਹੀ ਨਿਰਾਲਾ ਹੈ । ਜੇਕਰ ਇਸੇ ਢੰਗ ਨਾਲ ਪ੍ਰਚਾਰ ਕੀਤਾ ਜਾਵੇ ਤਾਂ ਕੋਈ ਅਭਾਗਾ ਹੀ ਹੋਵੇਗਾ ਜੋ ਇਨਕਾਰ ਕਰੇ । ਮੋਂਟੀ ਨੀਗਰੋ ਤੋਂ ਆਉਣ ਵਾਲੇ ਇਕ ਸਾਹਬ ਰਾਗ਼ਬ ਸ਼ਪਤਾਫ਼ੀ (Ragip Shaptafi) ਸਾਹਬ ਕਹਿੰਦੇ ਹਨ ਕਿ ਮੈਂ ਭਾਸ਼ਣ ਸੁਣੇ ਪ੍ਰਬੰਧ ਦੇਖਿਆ ਅਸਾਧਾਰਣ ਚੀਜਾਂ ਸਨ ।

ਇਸੇ ਪ੍ਰਕਾਰ ਰਾਗ਼ਬ ਸਾਹਬ ਨੇ ਦੱਸਿਆ ਕਿ ਮੋਂਟੀ ਨੀਗਰੋ ਵਿੱਚ ਮੁਸਲਮਾਨਾਂ ਅਸੁਸਾਰ ਇਹੋ ਪ੍ਰਸਿੱਧ ਹੈ ਕਿ ਜਮਾਤ ਅਹਮਦੀਆ ਨਊਜ਼ਬਿਲੱਾਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਕਬੂਲ ਨਹੀਂ ਕਰਦੀ, ਪਰ ਜੋ ਜਮਾਤ ਨੂੰ ਨੇੜਿਓਂ

ਦੇਖਦਾ ਹੈ ਤਾਂ ਉਸ’ਤੇ ਝੱਟ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ ਝੂਠ ਹੈ ਜੋ ਮੌਲਵੀਆਂ ਨੇ ਫੈਲਾਇਆ ਹੋਇਆ ਹੈ । ਫਿਰ ਮਰਾਕਸ਼ ਦੇ ਇਕ ਮਿਤੱਰ ਜੋ ਬੈਲਜੀਅਮ ਵਿੱਚ ਰਹਿੰਦੇ ਹਨ ਕਿ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਨਹੀਂ ਕਰ ਸਕਦਾ । ਅਜਿਹਾ ਰੂਹਾਨੀ ਸਮਾਂ ਹੈ ਜਿਸ ਨੇ ਮੇਰੀ ਰੂਹ ਨੂੰ ਡੂੰਗਿਆਈ ਤੱਕ ਪ੍ਰਭਾਵਤ ਕੀਤਾ ਹੈ । ਇਸਲਾਮ ਦਾ ਸਹੀ ਚਿਤੱਰ ਮੈਂਨੂੰ ਏਥੇ ਦਿਖਾਈ ਦਿਤੱਾ ।

ਇਕ ਜਰਮਨ ਮਿਤੱਰ ਹੈਕੋ ਫ਼ਰਹੇਕਨ ਸਾਹਬ ਕਹਿੰਦੇ ਹਨ, ਮੇਰਾ ਇਹ ਪਹਿਲਾ ਮੌਕਾ ਸੀ ਕਿ ਮੈਂ ਜਮਾਤ ਅਹਮਦੀਆ ਬਾਰੇ ਕੁਝ ਜਾਣ ਸਕਾਂ । ਫਿਰ ਮੇਰੇ ਬਾਰੇ ਕਿਹਾ ਜੋ ਕੁਝ ਆਪ ਨੇ ਕਿਹਾ ਹੈ ਸੱਚ ਕਿਹਾ ਹੈ, ਜੇਕਰ ਸਾਰੇ ਮਨੁੱਖ ਇਸ ਉਪੱਰ ਅਮਲ ਕਰਨ ਲੱਗ ਜਾਣ ਤਾਂ ਪੂਰੀ ਦੁਨੀਆ ਵਿੱਚ ਅਮਨ ਫੈਲ ਜਾਵੇ ।

ਫ਼੍ਰਾਂਸ ਦੇ ਇਕ ਨਵੇਂ ਅਹਮਦੀ ਹਾਨ ਲੀ ਅਨਫ਼ਾਨ ਸਾਹਬ ਜਜ਼ੀਰਾ ਕੋਮਰੋਜ਼ ਦੇ ਰਹਿਣ ਵਾਲੇ ਹਨ । ਤਿੰਨ ਹਫ਼ਤੇ ਪਹਿਲਾਂ ਹੀ ਉਹਨਾਂ ਨੇ ਬੈਅਤ ਕੀਤੀ ਸੀ ਕਹਿੰਦੇ ਹਨ ਕਿ ਮੈਂ ਮੁਸਲਮਾਨ ਤਾਂ ਸੀ ਪਰ ਲਗਨਤਾ ਨਹੀਂ ਮਿਲਦੀ ਸੀ । ਕੱਲ ਜੱਦ ਖ਼ਲੀਫਾ ਤੁਲ ਮਸੀਹ ਦੇ ਪਿੱਛੇ ਜੁਮਆ ਪੜ੍ਹਿਆ ਤਾਂ ਮੈਂਨੂੰ ਬਹੁਤ ਆਨੰਦ ਆਇਆ ਅਤੇ ਜੀਵਨ ਵਿੱਚ ਪਹਿਲੀ ਵਾਰ ਨਮਾਜ਼ ਵਿੱਚ ਰੋਣਾ ਆਇਆ ।

ਇਕ ਵਿਦਿਆਰਥੀ ਐਡ ਗਰੂਸ ਕਹਿੰਦੇ ਹਨ ਕਿ ਇੱਥੇ ਆਉਣ ਤੋਂ ਪਹਿਲਾਂ ਮੇਰੀ ਸੋਚ ਵਿੱਚ ਇਲੈਕਟ੍ਰਾਨਿਕ ਮੀਡੀਆ ਰਾਹੀਂ ਇਸਲਾਮ ਬਾਰੇ ਬਹੁਤ ਗ਼ਲਤ ਕਲਪਨਾਵਾਂ ਸਥਾਪਤ ਸਨ ਜੋ ਕਿ ਭਾਸ਼ਣ ਸੁਣਕੇ ਅਤੇ ਜਲਸੇ ਦੇ ਪ੍ਰੋਗਰਾਮ ਦੇਖਕੇ ਸਭ ਕੁਝ ਵੱਖਰਾ ਲੱਗਿਆ । ਲੋਕਾਂ ਦਾ ਰਵਈਆ ਬਹੁਤ ਅੱਡ ਧਨਾਤਮਕ ਸੀ ਅਤੇ ਅੱਜ ਹਕੀਕੀ ਇਸਲਾਮ ਨੂੰ ਆਪ ਲੋਕਾਂ ਦੀ ਅਵਸਥਾ ਵਿੱਚ ਦੇਖ ਰਿਹਾ ਹਾਂ । ਇਸੇ ਪ੍ਰਕਾਰ ਬਹੁਤ ਸਾਰੇ ਲੋਕਾਂ ਦੇ ਅਨੁਭਵ ਹਨ । ਲਿਥਵੇਨੀਆ ਤੋਂ ਆਉਣ ਵਾਲੇ ਇਕ ਵਕੀਲ ਨੇ ਕਿਹਾ ਕਿ ਮੈਂ ਜਲਸੇ ਵਿੱਚ ਸ਼ਾਮਲ ਹੋਕੇ ਬਹੁਤ ਪ੍ਰਭਾਵਤ ਹੋਇਆ ਹਾਂ । ਮੈਂ ਆਪ ਦੇ ਖ਼ਲੀਫ਼ਾ ਦੇ ਭਾਸ਼ਣ ਸੁਣੇ । ਇਸਲਾਮ ਬਾਰੇ ਮੇਰਾ ਇਹ ਨਵਾਂ ਤਜਰਬਾ ਹੈ । ਇੱਥੇ ਆਕੇ ਮੈਂਨੂੰ ਇਸਲਾਮ ਦੀ ਵਾਸਤਵਿਕ ਸਿੱਖਿਆ ਦਾ ਗਿਆਨ ਹੋਇਆ ਹੈ ।

ਬੋਸਨੀਆਂ ਤੋਂ ਸੰਬੰਧ ਰੱਖਣ ਵਾਲੇ ਇਕ ਸਾਹਬ ਨੇ ਕਿਹਾ ਕਿ ਖ਼ਲੀਫ਼ਾਤੁਲ ਮਸੀਹ ਨੇ ਇਕ ਜੀਉਂਦੇ ਰੱਬ ਬਾਰੇ ਕਲਪਨਾ ਪੇਸ਼ ਕੀਤੀ ਹੈ । ਇਸ ਸਮੇਂ ਕੇਵਲ ਜਮਾਤ ਅਹਮਦੀਆ ਹੀ ਇਕ ਅਜਿਹੀ ਜਮਾਤ ਹੈ ਜੋ ਇਹ ਦਾਵਾ ਕਰਦੀ ਹੈ ਕਿ ਅਤੇ ਦਿਖਾਉਂਦੀ ਵੀ ਹੈ ਕਿ ਰੱਬ ਅੱਜ ਵੀ ਜੀਉਂਦਾ ਹੈ । ਫਿਰ ਇਕ ਸਾਹਬ ਹਨ ਜੋ ਜਰਮਨੀ ਤੇ ਬੈਲਜੀਅਮ ਦੇ ਬਾਰਡਰ ਉਪੱਰ ਰਹਿੰਦੇ ਹਨ । ਪਹਿਲਾਂ ਮੁਸਲਮਾਨ ਹਨ । ਕਹਿੰਦੇ ਹਨ ਜਰਮਨੀ ਦੇ ਜਲਸੇ ਉਪੱਰ ਆਉਣ ਤੋਂ ਪਹਿਲਾਂ ਤੱਕ ਮੈਂ ਧਰਮ ਤੇ ਜਮਾਤ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਸੀ ਪਰ ਜਲਸੇ ਵਿੱਚ ਸ਼ਾਮਲ ਹੋਕੇ ਮੇਰੀ ਭਾਵਨਵਾਂ ਦੀ ਕਾਇਆ ਪਲਟ ਗਈ ਹੈ ।

ਅਬਦੁੱਲਾਹ ਸਾਹਬ ਇਕ ਸੀਰੀਨ ਹਨ । ਇਹਨਾਂ ਦੇ ਪਿਤਾ ਕਈ ਸਾਲਾ ਤੋਂ ਅਹਮਦੀ ਸਨ । ਇਹ ਆਪਣੇ ਪਿਤਾ ਨਾਲ ਰਸ਼ੀਆ ਵਿੱਚ ਰਹਿੰਦੇ ਸਨ, ਪਰ ਹੁਣ ਪੜ੍ਹਾਈ ਦੇ ਸੰਬੰਧ ਵਿੱਚ ਹਾਲੈਂਡ ਵਿੱਚ ਸਿਥਿਤ ਹਨ । ਇਹਨਾਂ ਦੇ ਪਿਤਾ ਜੀ ਵੱਲੋਂ ਇਹਨਾਂ ਨੂੰ ਪ੍ਰਚਾਰ ਤਾਂ ਹੁੰਦਾ ਰਿਹਾ ਪਰ ਹੁਣ ਤੱਕ ਇਹਨਾਂ ਨੇ ਬੈਅਤ ਨਹੀਂ ਕੀਤੀ ਸੀ । ਜਲਸੇ ਵਿੱਚ ਸ਼ਮਾਲ ਹੋਣ ਦੇ ਬਾਦ ਕਹਿਣ ਲੱਗੇ ਮੈਂ ਬੈਅਤ ਕਰਨਾ ਚਾਹੁੰਦਾ ਹਾਂ ਕਿਉਂਕਿ ਰੱਬ ਨੇ ਮੈਂਨੂੰ ਨਿਸ਼ਾਨ ਦਿਖਾ ਦਿੱਤਾ ਹੈ ਕਹਿਣ ਲੱਗੇ ਕਿ ਰਾਤ ਮੈਂ ਰੱਬ ਤੋਂ ਅਤਿ ਫ਼ਰਿਆਦੀ ਤੇ ਬਿਨਤੀਆ ਨਾਲ ਦੁਆ ਕੀਤੀ ਅਤੇ ਜੱਦ ਮੈਂ ਰਾਤ ਨੂੰ ਸੁੱਤਾ ਤਾਂ ਸੁਪਨੇ ਵਿੱਚ ਦੇਖਿਆ ਕਿ ਵੱਡੀ ਜਿਹੀ ਕੰਧ ਉਪਰ ਮੋਟੇ ਅਖੱਰਾਂ ਵਿੱਚ ਅਲ ਅਹਮਦੀਆ ਲਿੱਖਿਆ ਹੋਇਆ ਹੈ ਅਤੇ ਉਸ ਵਿੱਚੋਂ ਅਸਾਧਾਰਣ ਪ੍ਰਕਾਸ਼ ਨਿਕਲ ਰਿਹਾ ਹੈ । ਅਤੇ ਇਸੇ ਪ੍ਰਕਾਰ ਜੱਦ ਜਰਨੀ ਵਿੱਚ ਜਰਮਨਾਂ ਨੂੰ ਸੰਬੋਧਤ ਕਰ ਰਿਹਾ ਸੀ ਕਹਿੰਦੇ ਹਨ ਕਿ ਮੇਰੇ ਮਨ ਵਿੱਚ ਮੈਂ ਨਿਸ਼ਾਨ ਮੰਗਿਆ, ਕਹਿੰਦੇ ਹਨ ਕਿ ਉਸ ਸਮੇਂ ਹੀ ਮੇਰੇ ਮਨ ਵਿੱਚ ਇਛੱਾ ਪੈਦਾ ਹੋਈ ਕਿ ਕਾਸ਼ ਮੈਂ ਖ਼ਲੀਫ਼ਾਤੁਲ ਮਸੀਹ ਦੇ ਨਾਲ ਅਤੇ ਆਪ ਦੀ ਨੇੜਤਾ ਵਿੱਚ ਖੜੇ ਹੋਣ ਦਾ ਮੌਕਾ ਹੁੰਦਾ ਜਾਂ ਮੈਂਨੂੰ ਮੌਕਾ ਮਿਲ ਜਾਵੇ ਇਸ ਸਮੇਂ, ਕਹਿੰਦੇ ਹਨ ਕਿ ਕੁਝ ਦੇਰ ਬਾਦ ਮੈਂਨੂੰ ਅਜਿਹਾ ਅਨੁਭਵ ਹੋਇਆ ਜਿਵੇਂ ਕੁਝ ਸਮੇਂ ਲਈ ਮੈਂਨੂੰ ਉਘ ਜਿਹੀ ਆਈ ਅਤੇ ਮੈਂ ਦੇਖਿਆ ਕਿ ਮੈਂ ਸਟੇਜ’ਤੇ ਖ਼ਲੀਫ਼ਾਤੁਲ ਮਸੀਹ ਦੇ ਪਹਿਲੂ ਵਿੱਚ ਖੜਾ ਹਾਂ । ਕਹਿੰਦੇ ਹਨ ਕਿ ਇਸ ਦੇ ਬਾਦ ਮੇਰੇ ਉਪੱਰ ਸਚੱਾਈ ਖੁੱਲ ਗਈ, ਸੋ, ਉਹਨਾਂ ਨੇ ਬੈਅਤ ਕਰ ਲਈ ।

ਇਸੇ ਪ੍ਰਕਾਰ ਅਲਜਜ਼ਾਇਰ ਦੇ ਇਕ ਮਿਤੱਰ ਹਨ ਕਹਿੰਦੇ ਹਨ ਕਿ ਹਰ ਵਾਰ ਜਲਸੇ ਵਿੱਚ ਸ਼ਾਮਲ ਹੋਣਾ ਮੇਰੇ ਲਈ ਮੇਰੀ ਆਸਥਾ ਵਿੱਚ ਵਾਧੇ ਦਾ ਅਸਾਧਾਰਣ ਸਬਬ ਬਣਦੀ ਹੈ ਅਤੇ ਹਰ ਵਾਰ ਰੱਬ ਦੀਆਂ ਅਥਾਹ ਮਿਹਰਾਂ ਦੇ ਦ੍ਰਿਸ਼ ਦੇਖਦਾ ਹਾਂ । ਜਲਸੇ ਵਿੱਚ ਮੈਂਨੂੰ ਅਨੁਭਵ ਹੋਇਆ ਜਿਵੇਂ ਮੈਂ ਸਵਰਗ ਵਿੱਚ ਹਾਂ (تحیتھم فیہاسلاما) 'ਤ-ਹਯੀਯਾਤੁਹੁਮ ਫ਼ੀਹਾ ਸਲਾਮਾ' ਚੇਤੇ ਕਰਾਉਂਦੀ ਹੈ । ਇਟਲੀ ਤੋਂ ਆਉਣ ਵਾਲੇ ਇਕ ਈਸਾਈ ਮਹਿਮਾਨ ਨੇ ਕਿਹਾ ਕਿ ਇਹ ਇਟਲੀ ਦਾ ਇਕ ਸੰਗਠਨ ਹੈ Religion for peace ਇਸ ਦੇ ਜਨਰਲ ਸੈਕ੍ਰੇਟਰੀ ਹਨ ਅਤੇ ਵੈਟੀਕਨ ਸਿਟੀ ਵਿੱਚ ਵਾਹਵਾ ਅਸਰ ਰਸੂਖ ਰਖੱਦੇ ਹਨ । ਉਹਨਾਂ ਵਾਪਸ ਇਟਲੀ ਜਾਕੇ ਲੇਖ ਲਿਖਿਆ ਜਿਸਨੂੰ ਹਜ਼ਾਰਾਂ ਹੀ ਲੋਕ ਪੜ੍ਹਦੇ ਹਨ ਇਹਨਾਂ ਦਾ ਆਪਣਾ ਇਕ ਰਸਾਲਾ ਹੈ । ਕਹਿੰਦੇ ਹਨ ਲੇਖ ਵਿੱਚ ਉਹਨਾਂ ਨੇ ਲਿੱਖਿਆ ਹੈ ਕਿ ਮੈਂਨੂੰ ਮਨ੍ਹਣਾ ਪਏਗਾ ਕਿ ਜਲਸਾ ਸਾਲਾਨਾ ਦਾ ਦ੍ਰਿਸ਼ ਅਤਿਅੰਤ ਹੈਰਾਨੀ ਭਰਪੂਰ ਸੀ ।

ਇਕ ਸੀਰੀਨ ਡਾਕਟਰ ਜੋ ਜਲਸੇ ਵਿੱਚ ਸ਼ਾਮਲ ਸਨ ਕਹਿੰਦੇ ਹਨ ਕਿ ਅਜਿਹਾ ਵਿਵਸਥਾਪੂਰਨ ਸੰਗਠਨ ਮੈਂ ਜੀਵਨ ਵਿੱਚ ਕਦੇ ਨਹੀਂ ਦੇਖਿਆ ਅਸੀਂ ਤਾਂ ਕੁਝ ਬੰਦਿਆ ਨੂੰ ਸੰਭਾਲ ਨਹੀਂ ਸਕਦੇ ਅਤੇ ਇੱਥੇ ਚਾਲ੍ਹੀ ਹਜ਼ਾਰ ਦੇ ਲਗਭਗ ਲੋਕ ਇਕਤੱਰ ਹਨ ਅਤੇ ਕੋਈ ਧਕੱਮ ਪੇਲ ਨਹੀਂ । ਮੈਂ ਹਾਰਦਕ ਤੌਰ'ਤੇ ਹਜ਼ਰਤ ਮਿਰਜ਼ਾ ਸਾਹਬ ਅਤੇ ਆਪ ਦੇ ਖ਼ਲੀਫ਼ਾ ਦਾ ਸਨਮਾਨ ਕਰਦਾ ਹਾਂ । ਕਹਿੰਦੇ ਹਨ ਕਿ ਮੈਂ 'ਬ੍ਰਾਹੀਨ ਅਹਮਦੀਆ' ਪੂਰੀ ਪੜ੍ਹੀ ਹੈ । ਰੱਬ ਦੀ ਸੂੰਹ ਉਨ੍ਹੀਵੀਂ ਸਦੀ ਵਿੱਚ ਇਸਲਾਮ ਦੀ ਪ੍ਰਤੀ ਰੱਖਿਆ ਵਿੱਚ ਅਜਿਹੀ ਕੋਈ ਕਿਤਾਬ ਨਹੀਂ ਲਿਖੀ ਗਈ ਨ ਅਰਬ ਵਿੱਚ ਨ ਹੀ ਕਿਸੇ ਹੋਰ ਦੇਸ਼ ਵਿੱਚ । ਰੱਬ ਇਹਨਾਂ ਦੀ ਹਿੱਕ ਵੀ ਖੋਲੇ ਅਤੇ ਪਰਵਾਨਗੀ ਦੀ ਤੌਫ਼ੀਕ ਵੀ ਬਖ਼ਸ਼ੇ । ਰੱਬ ਦੀ ਮਿਹਰ ਨਾਲ ਅਸਾਧਾਰਣ ਪ੍ਰਭਾਵ ਹੁੰਦੇ ਹਨ । ਬਹੁਤ ਘੱਟ ਮੈਂ ਵਰਨਣ ਕੀਤੇ ਹਨ ਅਤੇ ਜੋ ਵਰਨਣ ਵੀ ਕੀਤੇ ਹਨ ਬਹੁਤ ਸੰਖੇਪ ਸਾਰ ਰੂਪ ਪੇਸ਼ ਕੀਤੇ ਹਨ । ਜਲਸੇ ਦੀਆਂ ਬਰਕਤਾਂ ਅਸਾਧਾਰਣ ਹੁੰਦੀਆਂ ਹਨ । ਕਈ ਗੱਲਾਂ ਧਿਆਨ ਦੁਆਉਣ ਵਾਲੀਆਂ ਹੁੰਦੀਆਂ ਹਨ ਇਸ ਪਾਸੇ ਮਹਿਮਾਨ ਆਮ ਕਰਕੇ ਸ਼ਰਮ ਕਰਕੇ ਧਿਆਨ ਨਹੀਂ ਦੁਆਉਂਦਾ ਪਰ ਇੱਥੇ ਦੋ ਇਸਤਰੀਆਂ ਅਜਿਹੀਆਂ ਵੀ ਸਨ ਇਕ ਅਲਬਾਨੀਆਂ ਦੀ ਜਿਨ੍ਹਾ ਨੇ ਇਸ ਪਾਸੇ ਧਿਆਨ ਦੁਆਇਆ ਕਿ ਇਸਤਰੀਆਂ ਵਿੱਚ ਮੈਂ ਦੇਖਿਆ ਕਿ ਸਾਲਨ ਤੇ ਰੋਟੀ ਦੀ ਬਰਬਾਦੀ ਬਹੁਤ ਹੋ ਰਹੀ ਸੀ ਤਾਂ ਇਸ ਕਮਜ਼ੋਰੀ ਨੂੰ ਜਿੱਥੇ ਬਹੁਤ ਸਾਰੀਆਂ ਖ਼ੂਬੀਆਂ ਹਨ ਇਸ ਕਮਜ਼ੋਰੀ ਨੂੰ ਦੂਰ ਕਰਨ ਦੇ ਜਤਨ ਕਰਨੇ ਚਾਹੀਦੇ ਹਨ । ਜਰਮਨੀ ਦੀ ਪ੍ਰਬੰਧਕੀ ਜੋ ਹੈ ਵਿਸ਼ੇਸ਼ ਤੌਰ'ਤੇ ਲਜਨਾ ਨੂੰ ਚਾਹੀਦਾ ਹੈ ਕਿ ਖਾਣ ਵਾਲੀਆਂ ਨੂੰ ਧਿਆਨ ਦੁਆਉਂਦੇ ਰਹਿਣ ਕਿ ਖਾਣੇ ਤੇ ਰੋਟੀ ਦੀ ਬਰਬਾਦੀ ਨ ਕਰਨ ।

ਇਸੇ ਪ੍ਰਕਾਰ ਮੈਸੀਡੋਨੀਆ ਤੋਂ ਆਉਣ ਵਾਲੀ ਇਕ ਇਸਤਰੀ ਨੇ ਰਿਹਾਇਸ਼ ਬਾਰੇ ਕਿਹਾ ਕਿ ਰਿਹਾਇਸ਼ ਬਹੁਤ ਦੂਰ ਸੀ ਅਤੇ ਸਾਨੂੰ ਬਹੁਤ ਜਾਤਰਾ ਕਰਕੇ ਆਉਣਾ ਪੈਂਦਾ ਸੀ ਇਸ ਕਰਕੇ ਥਕੇਵਾਂ ਹੋ ਜਾਂਦਾ ਸੀ । ਅਜਿਹੇ ਲੋਕਾਂ ਲਈ ਜਰਮਨੀ ਦੇ ਪ੍ਰਬੰਧਕਾਂ ਨੂੰ ਨੇੜੇ ਪ੍ਰਬੰਧ ਕਰਨਾ ਚਾਹੀਦਾ ਹੈ ।

(ਇਸ ਦੇ ਬਾਦ ਹਜ਼ੂਰ ਅਨਵਰ ਨੇ ਆਖ਼ਨ ਤੇ ਹੇਸਨ ਸ਼ਹਿਰਾਂ ਵਿੱਚ ਉਸਰੀਆਂ ਮਸਜਿਦਾਂ ਦੇ ਉਦਘਾਟਨ ਦਾ ਵਰਨਣ ਕੀਤਾ ਅਤੇ ਇਸ ਵਿੱਚ ਸ਼ਾਮਲ ਕੁਝ ਗ਼ੈਰ ਅਹਮਦੀ ਪਤਵੰਤਿਆਂ ਦੇ ਅਨੁਭਵ ਪੇਸ਼ ਕੀਤੇ) ਇਸੇ ਪ੍ਰਕਾਰ ਅਫ਼ਸਰ ਜਲਸਾ ਸਾਲਾਨਾ ਨੇ ਵੀ ਕੁਝ ਗੱਲਾਂ ਨੋਟ ਕੀਤੀਆਂ ਹਨ ਅਤੇ ਆਪਣੀਆਂ ਗੱਲਾਂ ਆਪ ਹੀ ਨੋਟ ਕਰਨਾ ਅਸਲ ਵਿੱਚ ਚੰਗਿਆਈ ਵੱਲ ਲੈ ਜਾਂਦਾ ਹੈ ਇਸ ਨੂੰ ਵੀ ਭਵਿੱਖ ਵਿੱਚ ਧਿਆਨ ਵਿੱਚ ਰਖੱਣਾ ਚਾਹੀਦਾ ਹੈ । ਇਕ ਤਾਂ ਲੋਕਾਂ ਦਾ ਗੰਦ ਸੁਟਣਾ ਸਫ਼ਾਈ ਦਾ ਖ਼ਿਆਲ ਨ ਰਖੱਣਾ । ਭਵਿੱਖ ਵਿੱਚ ਇਸ ਵੱਲ ਲੋਕਾਂ ਨੂੰ ਧਿਆਨ ਰਖੱਣਾ ਚਾਹੀਦਾ ਹੈ ਅਤੇ ਸਫ਼ਾਈ ਵੱਲ ਧਿਆਨ ਦੁਆਉਂਦੇ ਰਹਿਣਾ ਚਾਹੀਦਾ ਹੈ ਹਰ ਇਕ ਨੂੰ ਇਕ ਦੂਜੇ ਨੂੰ । ਫਿਰ ਖਾਣੇ ਬਾਰੇ ਕਈ ਲੋਕਾਂ ਨੇ ਕਿਹਾ ਲੰਗਰ ਖਾਨਿਆਂ ਵਿੱਚ ਜੋ ਖਾਣਾ ਪਕਦਾ ਹੈ ਉਹ ਇਕ ਹੀ ਪ੍ਰਕਾਰ ਦਾ ਪਕ ਸਕਦਾ ਹੈ । ਕਈਆਂ ਨੂੰ ਇਤਰਾਜ਼ ਹੋਇਆ ਕਿ ਪਾਸਤਾ ਆਦਿ ਹੋਵੇਗਾ ਨਹੀਂ ਉਹ ਹੋਣਾ ਚਾਹੀਦਾ ਹੈ । ਏਥੇ ਤਾਂ ਅਸਲ ਚੀਜ਼ ਰੂਹਾਨੀ ਗ਼ਜ਼ਾ ਹੈ ਜੋ ਅਹਮਦੀ ਖਾਣ ਲਈ ਏਥੇ ਆਉਂਦੇ ਹਨ । ਇਸ ਲਈ ਅਹਮਦੀਆਂ ਨੂੰ ਇਸ ਪ੍ਰਕਾਰ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਹਨ ਜੋ ਵੀ ਖਾਣਾ ਮਿਲਦਾ ਹੈ ਖਾ ਲੈਣਾ ਚਾਹੀਦਾ ਹੈ ਅਤੇ ਇਸੇ ਪ੍ਰਕਾਰ ਹੋਵੇਗਾ ਇਕ ਹੀ ਖਾਣਾ ਪਕੇਗਾ । ਫਿਰ ਕਈ ਵਾਰ ਕਈ ਸੇਵਕ ਕਈ ਮਾਮਲਿਆਂ ਵਿੱਚ ਸਖ਼ਤ ਹੋ ਜਾਂਦੇ ਹਨ ਜਿਸ ਕਰਕੇ ਦੂਜਿਆਂ ਨੂੰ ਕਸ਼ਟ ਹੁੰਦਾ

ਹੈ । ਇਸ ਲਈ ਇਹ ਦੇਖ ਲਿਆ ਕਰਨ ਕਿ ਜੇਕਰ ਕੋਈ ਲੋੜਵੰਦ ਹੈ ਅਤੇ ਉਸ ਦੀ ਲੋੜ ਜਾਇਜ਼ ਹੈ ਤਾਂ ਕਾਇਦੇ ਤੋਂ ਹੱਟ ਕੇ ਵੀ ਉਸ ਦੀ ਕੋਈ ਲੋੜ ਪੂਰੀ ਕੀਤੀ ਜਾ ਸਕਦੀ ਹੈ ਤਾਂ ਕਰ ਦੇਣੀ ਚਾਹੀਦੀ ਹੈ । ਸੇਵਕਾਂ ਨੂੰ ਨਰਮੀ ਹਲੀਮੀ ਤੇ ਸਹੂਲਤ ਨਾਲ ਹਮੇਸ਼ਾ ਵਰਤਾਉ ਕਰਨਾ ਚਾਹੀਦਾ ਹੈ ।

ਹਾਂ, ਸਾਮੂਹਿਕ ਤੌਰ'ਤੇ ਇਸ ਵਾਰ ਜਲਸਾ ਸਾਲਾਨਾ ਦੇ ਪ੍ਰਬੰਧ ਬਹੁਤ ਚੰਗੇ ਸਨ । ਅਫ਼ਸਰ ਜਲਸਾ ਸਾਲਾਨਾ ਅਤੇ ਉਹਨਾਂ ਦੀ ਟੀਮ ਨੇ ਬੀਤੇ ਸਾਲਾਂ ਦੀ ਤੁਲਨਾ ਵਿੱਚ ਬਹੁਤ ਚੰਗਾ ਕੰਮ ਕੀਤਾ ਹੈ । ਕੁਝ ਛੋਟੀ ਛੋਟੀ ਕਮੀਆਂ ਤਾਂ ਵੱਡੇ ਵੱਡੇ ਪ੍ਰਬੰਧਾਂ ਵਿੱਚ ਵੀ ਰਹਿ ਜਾਂਦੀਆਂ ਹਨ ਉਨ੍ਹਾ'ਤੇ ਭਵਿੱਖ ਵਿੱਚ ਨਜ਼ਰ ਰਖੱਣ । ਇੰਸ਼ਾਅਲੱਾਹ ਵਧੇਰੇ ਬਿਹਤਰੀ ਪੈਦਾ ਹੋਵੇਗੀ । ਰੱਬ ਸਾਰਿਆਂ ਸੇਵਕਾਂ ਨੂੰ ਪ੍ਰਤੀਫਲ ਪ੍ਰਦਾਨ ਕਰੇ ਜਿਨ੍ਹਾ ਨੇ ਬਹੁਤ ਮਿਹਨਤ ਨਾਲ ਕੰਮ ਕੀਤਾ । ਬਾਵਜੂਦ ਇਸ ਦੇ ਕਿ ਆਸ਼ਾ ਤੋਂ ਬਹੁਤੇ ਮਹਿਮਾਨ ਆ ਗਏ ਸਨ ਉਹਨਾਂ ਲਈ ਬਿਸਤਰ ਵੀ ਉਪਲਭਦ ਕਰਾ ਦਿੱਤੇ ਗਏ । ਪਹਿਲਾਂ ਮਸਲਾ ਬਣਿਆ ਸੀ ਇਕ ਰਾਤ ਪਰ ਅਗਲੇ ਦਿਨ ਠੀਕ ਹੋ ਗਿਆ ਅਤੇ ਬਹੁਤ ਹੀ ਚੰਗੇ ਢੰਗ ਨਾਲ ਹਲ ਹੋ ਗਿਆ । ਬਾਕੀ ਜੋ ਕਮਜ਼ੋਰੀਆਂ ਸਨ ਪਿਛਲੇ ਸਾਲ ਵਿੱਚ ਸਾਊਂਡ ਆਦਿ ਬਾਰੇ ਉਹ ਵੀ ਰੱਬ ਦੀ ਮਿਹਰ ਨਾਲ ਦੂਰ ਹੋ ਗਈਆਂ । ਬਹਿਰਹਾਲ ਜਿਵੇਂ ਕਿ ਮੈਂ ਸੇਵਕਾਂ ਦਾ ਧੰਨਵਾਦ ਕੀਤਾ ਕਰਦਾ ਹਾਂ ਉਹਨਾਂ ਸਭ ਦਾ ਧੰਨਵਾਦ ।

ਸੋ, ਜਲਸਾ ਸਾਲਾਨਾ ਆਪਣਿਆਂ ਲਈ ਰੂਹਾਨੀ ਅਤੇ ਤਰਬੀਯਤੀ ਤਰੱਕੀ ਦਾ ਸਬਬ ਬਣਦਾ ਹੈ ਜਿਸ ਦਾ ਪ੍ਰਗਟਾਵਾ ਲੋਕ ਆਪਣੇ ਪਤੱਰਾਂ ਵਿੱਚ ਕਰਦੇ ਰਹਿੰਦੇ ਹਨ । ਮੈਂਨੂੰ ਓਥੇ ਗ਼ੈਰਾਂ ਨੂੰ ਇਸਲਾਮ ਦਾ ਵਾਸਤਵਿਕ ਰੂਪ ਪੇਸ਼ ਕਰਨ ਦਾ ਸਬਬ ਬਣਦਾ ਹੈ ਅਤੇ ਇਸ ਪ੍ਰਕਾਰ ਬੈਅਤਾਂ ਵੀ ਹੁੰਦੀਆਂ ਹਨ । ਕਈ ਲੋਕ ਜੋ ਪਹਿਲਾਂ ਪ੍ਰਬੰਧਕੀ ਜਾਣਕਾਰੀ ਅਨੁਸਾਰ ਬੈਅਤ ਲਈ ਤਿਆਰ ਨਹੀਂ ਸਨ ਮੇਰੇ ਨਾਲ ਮੁਲਾਕਾਤ ਅਤੇ ਕੁਝ ਪ੍ਰਸ਼ਨ ਪੁਛੱਣ ਦੇ ਬਾਦ ਬੈਅਤ ਲਈ ਤਿਆਰ ਹੋ ਗਏ । ਸੋ, ਕਿਹੜੀ ਕਿਹੜੀ ਮਿਹਰ ਤੇ ਉਪਕਾਰ ਦਾ ਮਨੁੱਖ ਧੰਨਵਾਦ ਕਰੇ, ਕਿਹੜੇ ਪੁਰਸਕਾਰ ਦਾ ਧੰਨਵਾਦ ਕਰੇ ਜੋ ਰੱਬ ਸਾਡੇ'ਤੇ ਕਰਦਾ ਹੈ । ਰੱਬ ਕਰੇ ਹੁਣ ਇਹ ਜਮਾਤਾਂ ਇਹਨਾਂ ਮਿਹਰਾਂ ਨੂੰ ਸੰਭਾਲਣ ਵਾਲੀਆਂ ਵੀ ਹੋਣ ਅਤੇ ਇਹ ਨਵੀਆਂ ਬੈਅਤਾਂ ਕਰਨ ਵਾਲੇ ਲੋਕ ਹਨ ਇਹਨਾਂ ਨੂੰ ਵੀ ਉਚਿਤ ਢੰਗ ਨਾਲ ਆਪਣੇ ਅੰਦਰ ਸਮੋਹ ਸਕਣ ਅਤੇ ਜਲਸੇ ਦੀਆਂ ਬਰਕਤਾਂ ਵਧੱਦੀਆਂ ਤੇ ਫੈਲਦੀਆਂ ਜਾਣ । ਰੱਬ ਸਾਰਿਆਂ ਲੋਕਾਂ ਨੂੰ ਜੋ ਸ਼ਾਮਲ ਹੋਏ ਉਹਨਾਂ ਨੂੰ ਵੀ ਇਹਨਾਂ ਬਰਕਤਾਂ ਰਾਹੀਂ ਨਿਰੰਤਰ ਲਾਭ ਉਠਾਉਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਸਾਨੂੰ ਸਾਰਿਆਂ ਨੂੰ ਵਾਸਤਵਿਕ ਧੰਨਵਾਦੀ ਬਣਾਏ ।

ਖ਼ੁਤਬਾ ਜੁਮਆ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਕਰਮਾ ਰਸ਼ੀਦਾ ਬੇਗਮ ਸਾਹਿਬਾ ਸੁਪਤਨੀ ਮੁਹਤਰਮ ਮੁਹਮੱਦ ਦੀਨ ਸਾਹਬ ਦਰਵੇਸ਼ ਮਰਹੂਮ ਜਿੰਨਾ ਦੀ ਪਹਿਲੀ ਜੂਨ 2015 ਈ ਨੂੰ ਕਾਦੀਆਂ ਵਿੱਚ ਵਫ਼ਾਤ ਹੋਈ ਸੀ ਦੇ ਗੁਣਾ ਦਾ ਵਰਨਣ ਕਰਦੇ ਹੋਏ ਉਹਨਾਂ ਦੇ ਬੱਚਿਆਂ ਦੀ ਜਮਾਤੀ ਸੇਵਾਵਾਂ ਦੀ ਵੀ ਚਰਚਾ ਕੀਤੀ । ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾਹ ਗ਼ੈਬ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 12.06.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131